ਦਸੰਬਰ/ਜਨਵਰੀ

ਸ਼੍ਰੇਣੀ-ਸੱਤਵੀਂ     ਵਿਸ਼ਾ-ਪੰਜਾਬੀ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ ਗੁਰਦਾਸਪੁਰ।

# ਵਿਸਮਿਕ

ਪਰਿਭਾਸ਼ਾ- ਜਿਹੜੇ ਸ਼ਬਦ ਕਿਸੇ ਨੂੰ ਸੰਬੋਧਨ ਕਰਨ,ਸੱਦਣ ਜਾਂ ਮਨ ਦੀਆਂ ਭਾਵਨਾਵਾਂ,ਜਿਵੇਂ ਖ਼ੁਸ਼ੀ,ਗ਼ਮੀ,ਇੱਛਾ,ਹੈਰਾਨੀ,ਸਤਿਕਾਰ,ਫਿਟਕਾਰ ਆਦਿ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ,ਵਿਆਕਰਨ ਵਿੱਚ ਉਹਨਾਂ ਸ਼ਬਦਾਂ ਨੂੰ ਵਿਸਮਿਕ ਕਿਹਾ ਜਾਂਦਾ ਹੈ,ਜਿਵੇਂ -ਸ਼ਾਬਾਸ਼!,ਹਾਏ!,ਆਹ!,ਕਾਸ਼!,ਬੱਲੇ!,ਸਾਵਧਾਨ!,ਉਹੋ!,ਵਾਹ!,ਹੈਂ! ਆਦਿ।

ਵਿਸਮਿਕ ਦੀਆਂ ਕਿਸਮਾਂ:-

**1.** ਸੰਬੋਧਨੀ-ਵਾਚਕ ਵਿਸਮਿਕ

**2.** ਸੂਚਨਾ-ਵਾਚਕ ਵਿਸਮਿਕ

**3.** ਪ੍ਰਸੰਸਾ-ਵਾਚਕ ਵਿਸਮਿਕ

**4.** ਸ਼ੋਕ-ਵਾਚਕ ਵਿਸਮਿਕ

**5.** ਸਤਿਕਾਰ-ਵਾਚਕ ਵਿਸਮਿਕ

**6.** ਫਿਟਕਾਰ-ਵਾਚਕ ਵਿਸਮਿਕ

**7.** ਅਸੀਸ-ਵਾਚਕ ਵਿਸਮਿਕ

**8.** ਇੱਛਾ-ਵਾਚਕ ਵਿਸਮਿਕ

**9** .ਹੈਰਾਨੀ-ਵਾਚਕ ਵਿਸਮਿਕ

**1.** ਸੰਬੋਧਨੀ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਕਿਸੇ ਨੂੰ ਬੁਲਾਉਣ ਲਈ ਵਰਤੇ ਜਾਂਦੇ ਹਨ,ਉਹਨਾਂ ਨੂੰ ਸੰਬੋਧਨੀ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ-ਓਏ ਕਾਕਾ!,ਓ ਮੁੰਡਿਓ!,ਨੀ ਕੁੜੀਏ!ਆਦਿ।

**2.** ਸੂਚਨਾ-ਵਾਚਕ ਵਿਸਮਿਕ- ਜਿਹੜੇ ਸ਼ਬਦ ਸੂਚਨਾ ਦੇਣ,ਸੁਚੇਤ ਕਰਨ ਜਾਂ ਤਾੜਨਾ ਕਰਨ ਲਈ ਵਰਤੇ ਜਾਂਦੇ ਹਨ, ਉਹਨਾਂ ਨੂੰ ਸੂਚਨਾ-ਵਾਚਕ ਵਿਸਮਿਕ ਕਿਹਾ ਜਾਂਦਾ ਹੈ,ਜਿਵੇਂ-ਖ਼ਬਰਦਾਰ! ਸੁਣੋ ਜੀ! ਠਹਿਰੋ ਜ਼ਰਾ! ਵੇਖੀਂ!ਸਾਵਧਾਨ! ਹੁਸ਼ਿਆਰ! ਆਦਿ।

**3.** ਪ੍ਰਸੰਸਾ-ਵਾਚਕ ਵਿਸਮਿਕ- ਜਿਹੜੇ ਵਿਚਮਿਕ ਪ੍ਰਸੰਸਾ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ,ਉਹਨਾਂ ਨੂੰ ਪ੍ਰਸੰਸਾ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ-ਬੱਲੇ-ਬੱਲੇ!,ਸ਼ਾਬਾਸ਼!ਵਾਹ ਵਾ! ਖ਼ੂਬ! ।

**4.** ਸ਼ੋਕ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਸ਼ੋਕ ਭਾਵ ਦੁੱਖ ਅਤੇ ਗ਼ਮ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ ਉਹਨਾਂ ਨੂੰ ਸ਼ੋਕ-ਵਾਚਕ ਵਿਸਮਿਕ ਕਿਹਾ ਜਾਂਦਾ ਹੈ,ਜਿਵੇਂ ਹਾਇ!,ਉਫ਼!,ਆਹ!,ਹਾਏ ਓਏ!ਆਦਿ।

**5.** ਸਤਿਕਾਰ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਕਿਸੇ ਲਈ ਸਤਿਕਾਰ ਜਾਂ ਪਿਆਰ ਦੇ ਭਾਵ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ,ਉਹਨਾਂ ਨੂੰ ਸਤਿਕਾਰ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ- ਜੀ ਆਇਆ ਨੂੰ!,ਆਓ ਜੀ!,ਧੰਨ ਭਾਗ!ਆਦਿ।

**6.** ਫਿਟਕਾਰ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਫਿਟਕਾਰ ਅਰਥਾਤ ਗੁੱਸੇ ਜਾਂ ਲਾਹਨਤ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ,ਉਹਨਾਂ ਨੂੰ ਫਿਟਕਾਰ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ-ਦੁਰ ਫਿੱਟੇ ਮੂੰਹ! ਬੇਸ਼ਰਮਾ! ਲੱਖ ਲਾਹਨਤ! ਆਦਿ।

**7.** ਅਸੀਸ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਅਸੀਸ ਜਾਂ ਅਸ਼ੀਰਵਾਦ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਨ,ਉਹਨਾਂ ਨੂੰ ਅਸੀਸ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ- ਭਲਾ ਹੋਵੇ!,ਜੁਆਨੀਆਂ ਮਾਣੋ!,ਵਧੋ-ਫੁੱਲੋ!ਬੁੱਢ ਸੁਹਾਗਣ ਹੋਵੇਂ!,ਖ਼ੁਸ਼ ਰਹੋ! ਆਦਿ।

**8.** ਇੱਛਾ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਮਨ ਦੀ ਇੱਛਾ , ਰੀਝ,ਲੋਚਾ,ਤਮੰਨਾ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ,ਉਹਨਾਂ ਨੂੰ ਇੱਛਾ-ਵਾਚਕ ਵਿਸਮਿਕ ਆਖਦੇ ਹਨ,ਜਿਵੇਂ- ਕਾਸ਼! , ਹੇ ਪਰਮਾਤਮਾ!, ਹੇ ਵਾਹਿਗੁਰੂ !, ਹੇ ਕਰਤਾਰ ! ,ਹੇ ਰੱਬਾ ਆਦਿ।

**9.** ਹੈਰਾਨੀ-ਵਾਚਕ ਵਿਸਮਿਕ- ਜਿਹੜੇ ਵਿਸਮਿਕ ਹੈਰਾਨੀ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਸਤੇ ਵਰਤੇ ਜਾਂਦੇ ਹਨ, ਉਹਨਾਂ ਨੂੰ ਹੈਰਾਨੀ-ਵਾਚਕ ਵਿਸਮਿਕ ਕਿਹਾ ਜਾਂਦਾ ਹੈ, ਜਿਵੇਂ- ਹੈਂ! ,ਵਾਹ-ਵਾਹ!, ਕਮਾਲ ਹੈ!, ਅੱਛਾ !, ਆਦਿ।